ਮੁਕਾਬਲਿਆਂ ਵਿੱਚ ਗੁਰਲੀਨ ਸੈਣੀ ਅਤੇ ਚਰਨਜੀਤ ਸਿੰਘ , ਅਤੇ ਹਾਜ਼ਰੀਨ ਨੂੰ ਲੱਡੂ ਵੰਡੇ ਗਏ।

# ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਰੀਜਨਲ ਸੈਂਟਰ ਸਰਹਾਲੀ ਵੱਲੋਂ ਨਸ਼ਾ ਵਿਰੋਧੀ ਜਾਗਰੂਕਤਾ ਮਾਰਚ ਦਾ ਆਯੋਜਨ





ਸਮਾਣਾ 10 ਫਰਵਰੀ: ( ਸ਼ਾਮ ਬਜਾਜ)ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵੱਲੋਂ ਨੌਜਵਾਨਾਂ ਵਿੱਚ ਸਿਹਤਮੰਦ ਅਤੇ ਸਕਾਰਾਤਮਕ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਲਈ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ, ਸਰਹਾਲੀ ਸਥਿਤ ਯੂਨੀਵਰਸਿਟੀ ਦੇ ਰੀਜਨਲ ਸੈਂਟਰ ਵਿਖੇ ਨਸ਼ਿਆਂ ਵਿਰੁੱਧ ਇੱਕ ਪ੍ਰਭਾਵਸ਼ਾਲੀ ਜਾਗਰੂਕਤਾ ਮਾਰਚ ਕੱਢਿਆ ਗਿਆ। ਇਹ ਸਮਾਗਮ ਪੰਜਾਬ ਦੇ ਮਾਨਯੋਗ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਅਤੇ ਵਾਈਸ-ਚਾਂਸਲਰ ਪ੍ਰੋ. (ਡਾ.) ਰਤਨ ਸਿੰਘ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮਾਰਚ ਵਿੱਚ ਯੂਨੀਵਰਸਿਟੀ ਅਤੇ ਰੀਜਨਲ ਸੈਂਟਰ ਦੇ 200 ਤੋਂ ਵੱਧ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ।

ਆਪਣੇ ਸੰਬੋਧਨ ਵਿੱਚ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਨੌਜਵਾਨਾਂ ਦੇ ਭਵਿੱਸ਼ ਨੂੰ ਸੁਰੱਖਿਅਤ ਰੱਖਣ ਲਈ ਸੂਬਾ ਸਰਕਾਰ ਅਤੇ ਯੂਨੀਵਰਸਿਟੀ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ, ÷ਨੌਜਵਾਨ ਸਾਡੇ ਦੇਸ਼ ਦੀ ਅਸਲ ਤਾਕਤ ਅਤੇ ਭਵਿੱਖ ਹਨ। ਪੰਜਾਬ ਦੇ ਸਰਵਪੱਖੀ ਵਿਕਾਸ ਅਤੇ ਤਰੱਕੀ ਲਈ ਨਸ਼ਾ ਮੁਕਤ ਵਾਤਾਵਰਣ ਬਹੁਤ ਜ਼ਰੂਰੀ ਹੈ।÷ ਵਾਈਸ-ਚਾਂਸਲਰ ਪ੍ਰੋ. (ਡਾ.) ਰਤਨ ਸਿੰਘ ਨੇ ਕਿਹਾ ਕਿ ਯੂਨੀਵਰਸਿਟੀ ਦਾ ਉਦੇਸ਼ ਸਿਰਫ਼ ਸਿੱਖਿਆ ਤੱਕ ਸੀਮਤ ਨਹੀਂ ਹੈ, ਸਗੋਂ ਨਸ਼ਿਆਂ ਦਾ ਮੁਕੰਮਲ ਖ਼ਾਤਮਾ ਕਰਨਾ ਵੀ ਹੈ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਖ਼ਾਸ ਤੌਰ 'ਤੇ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਲੋਕਾਂ ਨੂੰ ਸ਼ਕਤੀਸ਼ਾਲੀ ਬਣਾਉਣ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਆਪਣੇ ਯਤਨਾਂ ਨੂੰ ਤੇਜ਼ ਕਰ ਰਹੀ ਹੈ।

ਇਸ ਮੌਕੇ ਯੂਨੀਵਰਸਿਟੀ ਦੇ ਨੁਮਾਇੰਦਿਆਂ ਡਾ. ਅਮਰਜੀਤ ਸਿੰਘ ਤੇ ਡਾ. ਰਵਿਦਿੱਤ ਸਿੰਘ ਅਤੇ ਰੀਜਨਲ ਸੈਂਟਰ ਸਰਹਾਲੀ ਦੇ ਫੈਕਲਟੀ ਮੈਂਬਰਾਂ ਨੇ ਵਿਦਿਆਰਥੀਆਂ ਦੇ ਨਾਲ ਮਿਲ ਕੇ ਇੱਕ ਸੁਰੱਖਿਅਤ ਅਤੇ ਨਸ਼ਾ ਮੁਕਤ ਅਕਾਦਮਿਕ ਅਤੇ ਸਮਾਜਿਕ ਵਾਤਾਵਰਣ ਬਣਾਉਣ ਦਾ ਪ੍ਰਣ ਲਿਆ। ਜੀ.ਜੀ.ਐਸ. ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਜਸਬੀਰ ਸਿੰਘ ਨੇ ਮਾਰਚ ਦੇ ਉਦੇਸ਼ਾਂ 'ਤੇ ਚਾਨਣਾ ਪਾਇਆ ਅਤੇ ਇੱਕ ਜ਼ਿੰਮੇਵਾਰ ਤੇ ਨਸ਼ਾ ਮੁਕਤ ਸਮਾਜ ਦੀ ਲੋੜ 'ਤੇ ਜ਼ੋਰ ਦਿੱਤਾ।



## ਨਸ਼ਿਆਂ ਖ਼ਿਲਾਫ਼ ਸੰਤ ਕਬੀਰ ਕਾਲਜ ਅਤੇ 3 ਵਾਈਸ ਚਾਂਸਲਰਾਂ ਨੇ ਰੈਲੀ 'ਚ ਕੀਤੀ ਸ਼ਿਰਕਤ

ur-Fazilka Bani

( ਫਿਰੋਜ਼ਪੁਰ-ਫਾਜ਼ਿਲਕਾ ਬਾਣੀ )

## 'ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸੰਤ ਕਬੀਰ ਕਾਲਜ ਤੇ ਤਿੰਨ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਨੇ ਜਾਗਰੂਕਤਾ ਰੈਲੀ 'ਚ ਕੀਤੀ ਸ਼ਮੂਲੀਅਤ



ਗਵਰਨਰ ਪੰਜਾਬ ਗੁਲਾਬ ਚੰਦ ਕਟਾਰੀਆ ਵੱਲੋਂ ਨਸ਼ਿਆਂ ਵਿਰੁੱਧ ਕੱਢੇ ਪੈਦਲ ਮਾਰਚ 'ਚ ਹਿੱਸਾ ਲੈਂਦੇ ਵਾਈਸ ਚਾਂਸਲਰ।

# नशें के विरुद्ध अभियान के तहत संत कबीर कॉलेज व 3 विश्वविद्यालयों के वाइस चांसलरों ने जागरूकता रैली में भागीदारी की



पंजाब के गवर्नर द्वारा नशों के विरूद्ध निकाले पैदल मार्च में हिस्सा लेते वाइस चांसलर। (अकालियां वाला)

जीरा, 11 फरवरी (अकालियां वाला) : पंजाब के गवर्नर गुलाब चंद कटारिया द्वारा पंजाब में नशों के खात्मे के लिए सीमावर्ती जिला फिरोजपुर में निकाली गई पैदल यात्रा के दौरान संत कबीर कॉलेज जीरा और जगत गुरु नानक देव पंजाब स्टेट ओपन यूनिवर्सिटी ने विशेष रूप से भागीदारी की।

इस यात्रा में जगत गुरु नानक देव पंजाब स्टेट ओपन यूनिवर्सिटी के माननीय वाइस चांसलर डॉ. रतन सिंह के नेतृत्व में संत कबीर कॉलेज जीरा के लगभग 400 विद्यार्थियों ने उत्साह के साथ हिस्सा लिया।

विद्यार्थियों ने 'से नो टू ड्रग्स' के बैनर तले नशों के खिलाफ जोरदार नारेबाजी की और समाज में नशा-मुक्त वातावरण बनाने का संदेश दिया। इस अवसर पर विद्यार्थियों और स्टाफ सदस्यों ने नशों के खिलाफ शपथ लेते हुए जागरूकता फैलाने का संकल्प भी लिया।

वाइस चांसलर प्रोफेसर डॉ. रतन सिंह ने अपने संबोधन में कहा कि युवा पीढ़ी को नशों से बचाना समय की सबसे बड़ी आवश्यकता है। उन्होंने कहा कि शिक्षण संस्थान केवल अकादमिक शिक्षा ही नहीं देते बल्कि विद्यार्थियों में अच्छे संस्कार और स्वस्थ जीवनशैली की प्रेरणा भी उत्पन्न करते हैं।

रैली के दौरान राजीव गांधी नेशनल लॉ यूनिवर्सिटी पटियाला के वाइस चांसलर प्रो. डॉ. जय शंकर सिंह तथा पंजाब कृषि विश्वविद्यालय लुधियाना के वाइस चांसलर डॉ. सतबीर सिंह गोसल ने भी विशेष रूप से भाग लिया। उन्होंने युवाओं को नशों से दूर रहने, कानूनी समझ बढ़ाने और सामाजिक जिम्मेदारियां निभाने के लिए प्रेरित किया।

जगत गुरु नानक देव पंजाब स्टेट ओपन यूनिवर्सिटी के रजिस्ट्रार डॉ. बलजीत सिंह खैरा ने भी विद्यार्थियों से नशों से दूर रहने और अपने जीवन के उच्च लक्ष्य निर्धारित करने की अपील की।

इस दौरान संत कबीर कॉलेज जीरा के चेयरमैन गुरचरण सिंह, डायरैक्टर डॉ. सुखदेव सिंह, प्रिंसीपल डॉ. वीरपाल तथा स्टाफ सदस्यों ने इस अभियान को पूर्ण समर्थन देते हुए कहा कि संत कबीर कॉलेज हमेशा सामाजिक मुद्दों पर अग्रणी भूमिका निभाता आ रहा है।

भविष्य में भी ऐसे जागरूकता कार्यक्रम जारी रहेंगे। अंत में विद्यार्थियों द्वारा नशा-मुक्त समाज की स्थापना के लिए एकजुट होकर कार्य करने का संदेश दिया गया।

**THU,12 FEBRUARY 2026**
**EDITION: PATIALA BANI, PAGE NO. 4**

ਜਗ ਬਾਣੀ
ਈ-ਪੇਪਰ

# ਸਟੇਟ ਓਪਨ ਯੂਨੀਵਰਸਿਟੀ ਵੱਲੋਂ ਦੂਜੇ ਦਿਨ ਨਸ਼ਾ ਵਿਰੋਧੀ ਰੈਲੀ



ਯੂਨੀਵਰਸਿਟੀ ਵਲੋਂ ਕੱਢੀ ਗਈ ਨਸ਼ਾ ਵਿਰੋਧੀ ਰੈਲੀ ਦਾ ਦ੍ਰਿਸ਼। (ਸੁੰਦਰ)

ਪਟਿਆਲਾ, 11 ਫਰਵਰੀ (ਰਾਜੇਸ਼ ਪੰਜੌਲਾ)- ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਵੱਲੋਂ ਰਾਜ ਪੱਧਰੀ 'ਨਸ਼ਿਆਂ ਵਿਰੁੱਧ ਜੰਗ' ਮੁਹਿੰਮ 'ਚ ਆਪਣਾ ਯੋਗਦਾਨ ਤੇਜ਼ ਕਰ ਦਿੱਤਾ ਗਿਆ ਹੈ। ਜੇ. ਜੀ. ਐੱਨ. ਡੀ. ਪੀ. ਐੱਸ. ਓ. ਯੂ. ਦੇ ਵਾਈਸ ਚਾਂਸਲਰ ਪ੍ਰੋ. (ਡਾ.) ਰਤਨ ਸਿੰਘ, ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਸ਼ੁਰੂ ਕੀਤੀ ਗਈ 4 ਦਿਨਾ ਨਸ਼ਾ ਵਿਰੋਧੀ ਮਾਰਚ 'ਚ ਸ਼ਾਮਲ ਹੋਏ।

ਸਮਾਗਮ ਦੌਰਾਨ ਯੂਨੀਵਰਸਿਟੀ ਦੀ ਭਰਵੀਂ ਸ਼ਮੂਲੀਅਤ ਦੇਖਣ ਨੂੰ ਮਿਲੀ। ਜੇ. ਜੀ. ਐੱਨ. ਡੀ. ਪੀ. ਐੱਸ. ਓ. ਯੂ. ਰੀਜ਼ਨਲ ਸੈਂਟਰ, ਫਿਰੋਜ਼ਪੁਰ ਦੀ ਇਕ ਸਮਰਪਿਤ ਟੀਮ ਨੇ ਵਾਈਸ ਚਾਂਸਲਰ ਪ੍ਰੋ. ਰਤਨ ਸਿੰਘ, ਰਜਿਸਟਰਾਰ ਪ੍ਰੋ. (ਡਾ.) ਬਲਜੀਤ ਸਿੰਘ ਖਹਿਰਾ ਅਤੇ ਡਾਇਰੈਕਟਰ ਸੀ. ਆਈ. ਕਿਊ. ਏ. ਡਾ. ਕੁਲਦੀਪ ਵਾਲੀਆ ਦੀ ਅਗਵਾਈ ਹੇਠ ਇਸ ਮਾਰਚ 'ਚ ਹਿੱਸਾ ਲਿਆ। ਨਸ਼ਾ ਵਿਰੋਧੀ ਮਾਰਚ ਦੌਰਾਨ ਆਪਣੇ ਸੰਬੋਧਨ 'ਚ ਪੰਜਾਬ ਦੇ ਮਾਨਯੋਗ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅਗਲੀ ਪੀੜ੍ਹੀ ਨੂੰ ਸੁਰੱਖਿਅਤ ਰੱਖਣ ਲਈ ਰਾਜ ਅਤੇ ਵਿੱਦਿਅਕ ਸੰਸਥਾਵਾਂ ਦੇ ਸਾਂਝੇ ਫਰਜ਼ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤ ਵਾਤਾਵਰਣ ਪੰਜਾਬ ਦੇ ਨੌਜਵਾਨਾਂ ਦੇ ਸਰਵਪੱਖੀ ਵਿਕਾਸ ਲਈ ਬੇਹੱਦ ਜ਼ਰੂਰੀ ਹੈ, ਜੋ ਕਿ ਦੇਸ਼ ਦੀ ਅਸਲ ਤਾਕਤ ਹਨ।

ਇਸ ਵਿਜ਼ਨ ਨਾਲ ਇਕਜੁੱਟਤਾ ਪ੍ਰਗਟਾਉਂਦਿਆਂ ਵਾਈਸ-ਚਾਂਸਲਰ ਪ੍ਰੋ. (ਡਾ.) ਰਤਨ ਸਿੰਘ ਨੇ ਕਿਹਾ ਕਿ ਯੂਨੀਵਰਸਿਟੀ ਦਾ ਉਦੇਸ਼ ਕੇਵਲ ਅਕਾਦਮਿਕ ਸਿੱਖਿਆ ਤੱਕ ਸੀਮਤ ਨਹੀਂ ਹੈ, ਸਗੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਨੂੰ ਯਕੀਨੀ ਬਣਾਉਣਾ ਹੈ। ਇਸ ਸੁਪਨੇ ਨੂੰ ਹਕੀਕਤ 'ਚ ਬਦਲਣ ਲਈ, ਯੂਨੀਵਰਸਿਟੀ ਪੰਜਾਬ ਦੇ ਸਰਹੱਦੀ ਜ਼ਿਲਿਆਂ 'ਚ ਵਿਸ਼ੇਸ਼ ਤੌਰ 'ਤੇ ਆਪਣੀਆਂ ਗਤੀਵਿਧੀਆਂ ਤੇਜ਼ ਕਰ ਰਹੀ ਹੈ ਤਾਂ ਜੋ ਸਥਾਨਕ ਭਾਈਚਾਰਿਆਂ ਨੂੰ ਸਸ਼ਕਤ ਬਣਾਇਆ ਜਾ ਸਕੇ ਅਤੇ ਇਕ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।